**International Journal of Research in Economics and Social Sciences(IJRESS)**
Available online at: http://euroasiapub.org
Vol. 14 Issue 4, April- 2024
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

# ਗੁਰੂ ਨਾਨਕ ਰਚਿਤ ਬਾਣੀ ਵਿੱਚ ਸਮਾਜਿਕ-ਸਮਾਨਤਾ ਸੰਕਲਪ ਦਾ ਚਿਤਰਣ

**ਮਨਦੀਪ ਕੌਰ**
ਅਸਿਸਟੈਂਟ ਪ੍ਰੋਫ਼ੈਸਰ, ਇਤਿਹਾਸ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ

**ਸਾਰ:-** ਹਰ ਮਨੁੱਖ ਦਾ ਵਿਅਕਤਿੱਤਵ ਉਸਦੀ ਜੀਵਨ ਜਾਚ 'ਤੇ ਨਿਰਭਰ ਕਰਦਾ ਹੈ। ਇਸਦਾ ਅੰਦਾਜ਼ਾ ਉਸਦੇ ਸਮਾਜਿਕ ਚੌਗਿਰਦੇ ਵਿੱਚ ਵਿਚਰਦਿਆਂ ਉਸਦੇ ਵਿਵਹਾਰਿਕ ਗੁਣਾਂ, ਭਾਵਾਤਮਕ ਵਰਤਾਰਿਆਂ, ਜੀਵਨ-ਉਦੇਸ਼ਾਂ, ਕਾਰਜਾਂ/ਅਮਲਾਂ ਅਤੇ ਵਿਚਰਨ-ਵਿਵਹਾਰਾਂ ਆਦਿ ਪੱਖਾਂ ਤੋਂ ਲਗਾਇਆ ਜਾਂਦਾ ਹੈ।

"ਕੋਈ ਵੀ ਸ਼ਖ਼ਸੀਅਤ ਜਿੰਨੀ ਜ਼ਿਆਦਾ ਬਹੁਪੱਖੀ ਹੁੰਦੀ ਹੈ, ਉਹ ਉੱਨੀ ਹੀ ਜ਼ਿਆਦਾ ਪ੍ਰਭਾਵਸ਼ਾਲੀ ਵੀ ਹੁੰਦੀ ਹੈ। ਕਿਸੇ ਵੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖ ਜਿੰਨੇ ਜ਼ਿਆਦਾ ਆਪਸ ਵਿੱਚ ਸੁਮੇਲ ਰੱਖਦੇ ਹਨ, ਉਹ ਸ਼ਖ਼ਸੀਅਤ ਉੱਨੀ ਹੀ ਵਧੇਰੇ ਵਡਮੁੱਲੀ ਹੁੰਦੀ ਹੈ।"[1] ਮੱਧਕਾਲੀਨ ਭਾਰਤ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਹੀ ਵਿਅਕਤਿਤਵ ਦੇ ਧਾਰਨੀ ਹੋ ਕੇ ਉੱਭਰਦੇ ਹਨ।

ਦੂਜੀ ਧਾਰਨਾ ਇਹ ਹੈ ਕਿ ਹਰ ਮਨੁੱਖ ਕਿਸੇ ਵਿਸ਼ੇਸ਼ ਇਤਿਹਾਸਿਕ ਕਾਲ ਵਿੱਚ, ਕਿਸੇ ਵਿਸ਼ੇਸ਼ ਕੁਦਰਤੀ ਤੇ ਮਾਨਵੀ ਸਥਿਤੀ ਵਿੱਚ, ਕਿਸੇ ਵਿਸ਼ੇਸ਼ ਗਿਆਨਧਾਰਾ ਦੇ ਸੰਕਲਪਾਂ ਵਿੱਚ ਜਨਮ ਲੈਂਦਾ ਹੈ ਤੇ ਆਪਣੀ ਸਮਰੱਥਾ ਅਨੁਸਾਰ ਇਸ ਸਥਿਤੀ ਤੋਂ ਪ੍ਰਭਾਵਿਤ ਵੀ ਹੁੰਦਾ ਹੈ ਤੇ ਉਸਨੂੰ ਪ੍ਰਭਾਵਿਤ ਵੀ ਕਰਦਾ ਹੈ। ਗੁਰੂ ਨਾਨਕ ਸਾਹਿਬ ਵੀ ਅਜਿਹੇ ਵੱਡ-ਪੁਰਸ਼ਾਂ, ਰਹਿਬਰਾਂ ਵਿੱਚੋਂ ਇੱਕ ਹਨ, ਜਿਨ੍ਹਾਂ ਨੇ ਆਪਣੇ ਦੇਸ਼-ਕਾਲ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ, ਸਗੋਂ ਸਰਬ-ਸਥਾਨਾਂ ਅਤੇ ਸਰਬ ਸਮਾਜਿਕ-ਸਮੂਹਾਂ ਲਈ ਆਪਣੀ ਬਾਣੀ ਵਿੱਚ ਮਹਾਨ ਸੰਦੇਸ਼ ਦਿੱਤਾ ਹੈ।

**ਮੁੱਖ ਸ਼ਬਦ:-** ਨਾਨਕ-ਬਾਣੀ, ਸਮਾਜਿਕ, ਸਮਾਨਤਾ, ਸੰਕਲਪ, ਔਰਤ, ਧਰਮ, ਸੱਭਿਆਚਾਰ, ਮਾਨਵੀ ਸਥਿਤੀ, ਸਮਾਜ, ਗੁਰੂ ਨਾਨਕ ਦੇਵ ਜੀ ।

**ਜਾਣ-ਪਛਾਣ:-** ਗੁਰੂ ਸਾਹਿਬ ਨੇ ਆਪਣੀ ਬਾਣੀ ਜ਼ਰੀਏ ਸਮਕਾਲੀਨ ਸਮਾਜ, ਧਰਮ ਅਤੇ ਸੱਭਿਆਚਾਰ ਆਦਿ ਖੇਤਰਾਂ ਵਿੱਚ ਪਸਰੀਆਂ ਵਿਕਰਿਤ, ਰੋਗੀ ਅਤੇ ਸੜਾਂਹਦ ਮਾਰਦੀਆਂ ਅਵਸਥਾਵਾਂ ਦਾ ਵਿਰੋਧ ਕਰਕੇ ਉਚੇਰੀਆਂ

**International Journal of Research in Economics and Social Sciences(IJRESS)**
Available online at: http://euroasiapub.org
Vol. 14 Issue 4, April- 2024
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

ਕਦਰਾਂ-ਕੀਮਤਾਂ ਅਤੇ ਉੱਚੇਰੇ ਮੁੱਲਾਂ/ਅਮਲਾਂ ਨੂੰ ਉੱਚਿਆਉਂਦਿਆਂ ਸਮੁੱਚੀ ਮਨੁੱਖਤਾ ਲਈ ਸਮਾਜਿਕ-ਸਮਾਨਤਾ ਦੇ ਸੰਕਲਪ ਦਾ ਪਰਚਮ ਲਹਿਰਾਉਣ ਨੂੰ ਪ੍ਰਮੁੱਖਤਾ ਦਿੱਤੀ। ਸਮਾਜਿਕ-ਸਮਾਨਤਾ ਦੇ ਸੰਕਲਪ ਅਧੀਨ ਸਮਾਜ ਦਾ ਸੰਕਲਪ, ਪਰਿਵਾਰ ਦਾ ਸੰਕਲਪ, ਔਰਤ-ਮਰਦ ਦੇ ਆਪਸੀ ਸੰਬੰਧਾਂ ਦਾ ਸੰਕਲਪ, ਔਰਤ ਦਾ ਸਮਾਜ ਵਿੱਚ ਰੁਤਬਾ, ਮਨੁੱਖ ਦਾ ਦੇਸ਼-ਕੌਮ ਅਤੇ ਬ੍ਰਹਿਮੰਡ ਨਾਲ ਸੰਬੰਧ ਆਦਿ ਸੰਕਲਪਾਂ/ਸਿਧਾਂਤਾਂ ਨੂੰ ਵਿਚਾਰਿਆ ਜਾਂਦਾ ਹੈ। ਅਸਲ ਵਿੱਚ ਇਹ ਸਾਰੇ ਸੰਕਲਪ ਮਾਨਵੀ ਹੋਂਦ ਨੂੰ ਫੈਲਾਉਣ/ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜਦੋਂ ਵਿਸ਼ੇਸ਼ ਕਾਰਨਾਂ/ਸਥਿਤੀਆਂ ਕਰਕੇ ਇਨ੍ਹਾਂ ਸੰਕਲਪਾਂ ਵਿੱਚ ਖੜੋਤ, ਅੰਤਰ ਜਾਂ ਉਤਰਾਅ-ਚੜ੍ਹਾਅ ਆ ਜਾਂਦਾ ਹੈ ਤਾਂ ਸਮਾਜਿਕ-ਸਮਾਨਤਾ ਦੀ ਹੋਂਦ ਲਈ ਵੀ ਖ਼ਤਰਾ ਖੜ੍ਹਾ ਹੋ ਜਾਂਦਾ ਹੈ। ਸਾਧਾਰਨ ਸ਼ਬਦਾਂ ਵਿੱਚ ਆਖਿਆ ਜਾ ਸਕਦਾ ਹੈ ਕਿ ਸਮਾਜਿਕ-ਸਮਾਨਤਾ ਦੇ ਸਿਧਾਂਤ ਨੂੰ ਉਭਾਰਨ ਵਿੱਚ ਉੱਪਰ ਦਰਸਾਏ ਸੰਕਲਪ/ਸਿਧਾਂਤ ਅਹਿਮ ਰੋਲ ਅਦਾ ਕਰਦੇ ਹਨ ਅਤੇ ਕਰਦੇ ਰਹਿਣਗੇ।

**ਨਾਨਕ-ਬਾਣੀ ਵਿੱਚ ਸਮਾਜਿਕ-ਸਮਾਨਤਾ ਦੇ ਸੰਕਲਪ ਦਾ ਚਿਤਰਣ:-** ਗੁਰੂ ਨਾਨਕ-ਬਾਣੀ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੇ ਸਮਾਜਿਕ-ਸਮਾਨਤਾ ਦੇ ਸੰਕਲਪ ਦੇ ਭਿੰਨ-ਭਿੰਨ ਆਧਾਰਾਂ ਦਾ ਮੁਲਾਂਕਣ ਕਰਨ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਸਮਕਾਲੀਨ ਸਮਾਜ ਦੇ ਤਸਵੀਰੀ-ਨਕਸ਼ੇ ਬਾਰੇ ਜਾਨਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦਾ ਸਮਕਾਲੀਨ ਸਮਾਜ ਸਮਾਜਿਕ-ਸਮਾਨਤਾ ਅਤੇ ਮਨੁੱਖਤਾ/ਮਾਨਵਤਾ ਆਦਿ ਸਿਧਾਂਤਾਂ ਤੋਂ ਕੋਰਾ ਸੀ। ਉਸ ਸਮੇਂ ਦੇ ਸਮਾਜ ਵਿੱਚ ਅੰਧ-ਵਿਸ਼ਵਾਸ, ਜ਼ੁਲਮ, ਅਨਿਆਂ, ਅਸਮਾਨਤਾ, ਤਾਨਾਸ਼ਾਹੀ ਰਾਜਨੀਤੀ, ਧਾਰਮਿਕ ਕੱਟੜਤਾ, ਜਾਤ-ਪਾਤ, ਉਚ-ਨੀਚ ਅਤੇ ਔਰਤ ਦੀ ਨੀਵੀਂ ਸਥਿਤੀ ਆਦਿ ਵਰਤਾਰਿਆਂ ਦੀ ਬਹੁਲਤਾ ਪਾਈ ਜਾਂਦੀ ਸੀ। ਅਜਿਹੇ ਅਸਮਾਨਤਾ ਵਾਲੇ ਸਮਾਜ ਨੂੰ ਸਮਾਨਤਾ ਵਾਲੇ ਮੁੱਲਾਂ/ਅਮਲਾਂ ਦਾ ਧਾਰਨੀ ਬਣਾਉਣ ਲਈ ਨਾਨਕ-ਬਾਣੀ ਉਨ੍ਹਾਂ ਸਾਰੀਆਂ ਮਾਨਤਾਵਾਂ ਨੂੰ ਰੱਦ ਕਰਦੀ ਹੈ, ਜਿਹੜੀਆਂ ਸਮਾਜਿਕ ਸਮਾਨਤਾ ਦਾ ਸੰਕਲਪ ਸਿਰਜਣ ਵਿੱਚ ਅੜਚਣ ਬਣਦੀਆਂ ਸਨ।

"ਜਿਸ ਸਮਾਜ ਵਿੱਚ ਇਸਤਰੀ ਨਿੱਘਰੀ ਹੋਈ ਹੋਵੇ, ਉਸਦੇ ਹੱਕ ਹਕੂਕ ਖੋਹੇ ਜਾ ਚੁੱਕੇ ਹੋਣ, ਉਸਦੇ

**International Journal of Research in Economics and Social Sciences(IJRESS)**
Available online at: http://euroasiapub.org
Vol. 14 Issue 4, April- 2024
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

ਅਰਮਾਨ ਕੁਚਲੇ ਜਾਂਦੇ ਹੋਣ, ਉਸਨੂੰ ਦਲੀਲ, ਅਪੀਲ ਅਤੇ ਆਪਣੀ ਸੁਰੱਖਿਆ ਤੱਕ ਦਾ ਵੀ ਅਧਿਕਾਰ ਨਾ ਹੋਵੇ, ਉਹ ਸਮਾਜ ਤੇ ਸੱਭਿਆਚਾਰ ਕਦੇ ਵੀ ਚਿਰੰਜੀਵਤਾ ਦਾ ਦਾਅਵਾ ਨਹੀਂ ਕਰ ਸਕਦਾ। ਇਨਸਾਨ ਵਜੋਂ ਜਨਮੇ ਇਸਤਰੀ ਅਤੇ ਮਰਦ ਨੂੰ ਲਿੰਗ-ਭੇਦ ਕਾਰਨ ਛੋਟਾ-ਵੱਡਾ ਗਰਦਾਨਣਾ ਬਿਲਕੁਲ ਅਨੁਚਿਤ ਹੈ। ਇਹ ਜਾਇਜ਼ ਨਹੀਂ ਕਿ ਸਮਾਜ ਰੂਪੀ ਗੱਡੀ ਦੇ ਇੱਕ ਪਹੀਏ ਨੂੰ ਵੱਡਾ (ਮਰਦ) ਅਤੇ ਇੱਕ ਨੂੰ ਛੋਟਾ (ਔਰਤ) ਤਸੱਵਰ ਕਰੀਏ। ਕਿਸੇ ਵੀ ਜਨ-ਸਮੂਹ ਦੇ ਸੰਤੁਲਿਤ ਵਿਕਾਸ ਅਤੇ ਨਿਰੰਤਰ ਪ੍ਰਫੁੱਲਿਤਾ ਲਈ ਦੋਹਾਂ ਦੀ ਸਮਾਨਤਾ, ਦੋਹਾਂ ਦੀ ਸਾਂਝ ਅਤੇ ਦੋਹਾਂ ਦਾ ਵਿਕਾਸ ਲਾਜ਼ਮੀ ਗੱਲ ਹੈ।"[2] ਔਰਤ-ਮਰਦ ਦੀ ਸਮਾਜ ਵਿੱਚ ਬਰਾਬਰਤਾ ਦੀ ਲਾਜ਼ਮੀ ਹੋਂਦ ਨੂੰ ਦਰਸਾਉਂਦਿਆਂ ਨਾਨਕ-ਬਾਣੀ ਇਹ ਸੰਦੇਸ਼ ਦ੍ਰਿੜ ਕਰਵਾਉਂਦੀ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥[3]

ਅਸਲ ਵਿੱਚ ਮੱਧਕਾਲ ਦੀ ਸਮੁੱਚੀ ਕਾਵਿ-ਸਿਰਜਣਾ (ਕਾਵਿ-ਰੂਪਾਂ) ਵਿੱਚੋਂ ਔਰਤ ਲਈ ਸਮਾਨਤਾ, ਸਨਮਾਨ ਤੇ ਬਰਾਬਰ-ਭਾਵੀ ਹੈਸੀਅਤ ਵਾਲੀ ਇੰਨੀ ਸਪੱਸ਼ਟ ਸੁਰ ਪਹਿਲੀ ਵਾਰ ਨਾਨਕ-ਬਾਣੀ ਵਿੱਚ ਹੀ ਮਿਲਦੀ ਹੈ।

ਸਮੁੱਚੀ ਮਨੁੱਖਾ ਜਾਤੀ ਨੂੰ ਸਮਾਨਤਾ, ਬਰਾਬਰੀ, ਏਕਤਾ ਅਤੇ ਭਾਈਚਾਰਕ ਸਾਂਝ ਦਾ ਪਾਠ ਪੜ੍ਹਾਉਂਦੀ ਨਾਨਕ-ਬਾਣੀ ਅਸਮਾਨਤਾ, ਨਾ-ਬਰਾਬਰੀ, ਅਨੇਕਤਾ ਅਤੇ ਜਾਤ-ਪਾਤ/ਊਚ-ਨੀਚ ਆਦਿ ਅਸਮਾਜਿਕ ਵਰਤਾਰਿਆਂ ਦਾ ਵਿਰੋਧ ਕਰਦੀ ਹੋਈ ਦ੍ਰਿੜ ਕਰਵਾਉਂਦੀ ਹੈ:

(ੳ) ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ॥[4]

International Journal of Research in Economics and Social Sciences(IJRESS)
Available online at: http://euroasiapub.org
Vol. 14 Issue 4, April- 2024
ISSN(o): 2249-7382 | Impact Factor: 8.018
(An open access scholarly, peer-reviewed, interdisciplinary, monthly, and fully refereed journal.)

(ਅ) ਜਾਤਿ ਜਨਮ ਨਹ ਪੁਛੀਐ ਸਚ ਘਰੁ ਲੇਹ ਬਤਾਇ॥

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥[5]

ਅਸਲ ਵਿੱਚ ਗੁਰੂ ਨਾਨਕ ਸਾਹਿਬ "ਸੰਸਾਰ ਦੇ ਪਹਿਲੇ ਅਵਤਾਰੀ ਪੁਰਸ਼ ਸਨ, ਜਿਨ੍ਹਾਂ ਨੇ ਮਨੁੱਖ ਨੂੰ ਸਭ ਤੋਂ ਪਹਿਲਾਂ ਮੌਤ ਵਰਗੀ ਅਟੱਲ ਸਚਾਈ ਨੂੰ ਕਬੂਲਣ ਲਈ ਵੰਗਾਰ ਦਿੱਤੀ ਤਾਂ ਜੋ ਕੇਵਲ ਜੀਵਨ ਦੀ ਲਾਲਸਾ ਨੂੰ ਤਿਆਗ ਕੇ ਭੈਰਹਿਤ ਮਨੁੱਖੀ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।"[6] ਨਾਨਕ-ਬਾਣੀ ਦਾ ਸਿੱਖਿਆ-ਵਿਧਾਨ ਹੈ:

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥[7]

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਗੱਲ ਤੋਂ ਵੀ ਜਾਣੂੰ ਸਨ ਕਿ ਚੰਗੇਰੇ ਆਚਰਣਿਕ ਮੁੱਲਾਂ ਦਾ ਅਤੇ ਸ਼ੁੱਭ ਅਮਲਾਂ ਦਾ ਵਿਸਥਾਪਨ ਤੇ ਵਿਸ਼ਲੇਸ਼ਣ ਹੀ ਕਿਸੇ ਮਾਨਵੀ-ਸਮੂਹ ਵਿੱਚ ਸਮਾਜਿਕ-ਸਮਾਨਤਾ ਦੇ ਸੰਕਲਪ ਦਾ ਫ਼ੈਲਾਅ ਦ੍ਰਿੜ੍ਹ ਕਰਵਾ ਸਕਦਾ ਹੈ। ਇਸ ਲਈ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਮਨੁੱਖ ਨੂੰ ਸ਼ੁੱਭ ਅਮਲਾਂ/ਮੁੱਲਾਂ ਨੂੰ ਧਾਰਨ ਕਰਨ ਅਤੇ ਉਨ੍ਹਾਂ ਅਨੁਸਾਰ ਜੀਵਨ ਜਿਉਂ ਕੇ ਸਮਾਜ ਨੂੰ ਅਤੇ ਸਮਾਜ ਵਿੱਚ ਵੱਸਦੀ ਲੋਕਾਈ ਨੂੰ ਚੰਗੇਰੇ ਮੁੱਲ/ਗੁਣ ਅਪਣਾਉਣ ਦਾ ਸੰਦੇਸ਼ ਦਿੱਤਾ:

(ੳ) ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ॥

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹੁ॥[8]

(ਅ) ਹੁਕ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ॥[9]

(ੲ) ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ॥

ਸਰ ਅਪਸਰ ਕੀ ਸਾਰਿ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ॥[10]

(ਸ) ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣਿ ਚਲੀਐ॥[11]

ਅਜਿਹੀਆਂ ਨਾਨਕ-ਬਾਣੀ ਵਿਚਲੀਆਂ ਨੈਤਿਕ ਕਦਰਾਂ-ਕੀਮਤਾਂ ਨਾਲ ਸੰਬੰਧਿਤ ਭਾਵਾਂ ਤੇ ਚੰਗੇਰੇ ਮੁੱਲਾਂ

ਨਾਲ ਲਬਰੇਜ਼ ਸਤਰਾਂ ਮਨੁੱਖ ਅੰਦਰਲੀ ਮਾੜੀ ਤੱਕਣੀ, ਸੰਪ੍ਰਦਾਇਕ ਸੋਚ, ਮਾਨਸਿਕ ਸਾੜੇ ਅਤੇ ਢਹਿੰਦੀ ਸੋਚ ਨੂੰ ਵਿਸਾਰ ਕੇ ਉਸ ਅੰਦਰ ਸਮੁੱਚੀ ਮਨੁੱਖਤਾ ਨੂੰ ਬਰਾਬਰ ਦੇਖਣ ਦੀ ਤੱਕਣੀ, ਮਨੁੱਖਤਾ ਦੇ ਕਲਿਆਣ ਅਤੇ ਰੱਖਿਆ ਲਈ ਹਰ ਪਲ ਤਿਆਰ-ਬਰ-ਤਿਆਰ ਰਹਿਣ ਦੀ ਪ੍ਰੇਰਨਾ ਭਰਕੇ ਸਮਾਜਿਕ-ਸਮਾਨਤਾ ਦੇ ਸੰਕਲਪ ਨੂੰ ਫੈਲਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਦੀ ਚੇਸ਼ਟਾ ਰੱਖਦੀਆਂ ਹਨ।

ਬੁਨਿਆਦੀ ਤੌਰ ’ਤੇ ਨਾਨਕ-ਬਾਣੀ ਅੰਦਰਲੇ ਸਮਾਜਿਕ-ਸਮਾਨਤਾ ਦੇ ਸਿਧਾਂਤ ਨੂੰ ਵਾਚਣ ਦੇ ਤਿੰਨ ਪ੍ਰਮੁੱਖ ਪਹਿਲੂ ਹਨ, “ਇਸਦਾ ਇੱਕ ਪਹਿਲੂ ਵਿਅਕਤੀਗਤ ਜੀਵਨ-ਕਾਲ ਨਾਲ ਸੰਬੰਧ ਰੱਖਦਾ ਹੈ, ਦੂਸਰਾ ਸਮਾਜਿਕ ਪ੍ਰਬੰਧ ਨਾਲ ਅਤੇ ਤੀਸਰਾ ਧਰਮ ਮੰਡਲ ਦੇ ਪ੍ਰਾਕਿਰਤਕ ਵਾਯੂ ਮੰਡਲ ਨਾਲ।”[12]

ਕਿਉਂਕਿ “ਮਨੁੱਖੀ ਸਮਝ ’ਤੇ ਅਨੇਕਾਂ ਪਰਦੇ ਹਨ, ਜੋ ਉਸਨੂੰ ਆਪਣਾ ਮੂਲ ਨਹੀਂ ਪਛਾਨਣ ਦਿੰਦੇ। ਇਹ ਪਰਦੇ ਜਾਤ ਦੇ, ਰੰਗ ਦੇ, ਨਸਲ ਦੇ, ਮਜ਼ਹਬ ਦੇ, ਮੁਲਕਾਂ ਦੇ, ਕੌਮ ਦੇ ਹਨ, ਇਨ੍ਹਾਂ ਰੋਕਾਂ ਤੋਂ ਅੱਗੇ ਨਾ ਦੇਖ ਸਕਣ ਵਾਲਾ ਮਨੁੱਖ ਮਨੁੱਖ ਦਾ ਵੈਰੀ ਹੈ।”[13] ਅਜਿਹੀ ਸੋਚ ਦੇ ਮਨੁੱਖਾਂ ਵਿੱਚ ਪਸਰੀ ਨਫ਼ਰਤੀ/ਸੰਪ੍ਰਦਾਇਕ ਅਗਨੀ ਨੂੰ ਨਾਨਕ-ਬਾਣੀ ਠੰਡਾ ਕਰਕੇ ਸਮਾਜਿਕ ਸਮਾਨਤਾ ਦਾ ਝੰਡਾ ਬੁਲੰਦ ਕਰਦੀ ਪ੍ਰਤੀਤ ਹੁੰਦੀ ਹੈ:

ਸਭਿ ਮਹਿ ਜੋਤਿ ਜੋਤ ਹੈ ਸੋਇ॥
ਤਿਸਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥[14]

ਨਾਨਕ-ਬਾਣੀ ਆਪਣੇ ਆਸ਼ੇ ਵਿਚਲੇ ਸਿੱਖਿਆ-ਵਿਧਾਨ ਜ਼ਰੀਏ ਸਮਾਜਿਕ-ਸਮਾਨਤਾ ਦੇ ਸੰਕਲਪ ਦਾ ਪੱਖ ਪੂਰਦੀ ਹੋਈ ਦ੍ਰਿੜ੍ਹ ਕਰਵਾਉਂਦੀ ਹੈ ਕਿ ਜੇਕਰ ਕਿਸੇ ਵੀ ਸਮਾਜਿਕ-ਸਮੂਹ ਦੀ ਆਧਾਰਸ਼ਿਲਾ ਹਿੰਸਾ, ਅੱਤਿਆਚਾਰ, ਸ਼ੋਸ਼ਣ ਅਤੇ ਸੱਤਾ ਕੇਂਦਰਤ ਵਾਲੀ ਹੈ ਤਾਂ ਸਮਾਜ ਦੀ ਸਥਿਤੀ ਸੜਾਂਹਦ ਮਾਰੂ, ਮਾਣਸ-ਖਾਣੀ ਅਤੇ ਆਤੰਕ ਭਰਪੂਰ ਪੱਖਾਂ ਨਾਲ ਲਬਰੇਜ਼ ਹੋਵੇਗੀ। ਜਿਸ ਕਿਸੇ ਸਮਾਜਿਕ-ਸਮੂਹ ਵਿੱਚ ਪਿਆਰ, ਇਤਫ਼ਾਕ, ਭਾਈਚਾਰਕ ਸਾਂਝ, ਅਹਿੰਸਾ ਅਤੇ ਪ੍ਰਮਾਤਮਾ ਦਾ ਡਰ/ਭਉ ਆਦਿ ਚੰਗੇਰੇ ਅਮਲ ਇੱਕ ਬੁਨਿਆਦ ਦੇ ਰੂਪ ਵਿੱਚ ਕਾਰਜਸ਼ੀਲ ਹਨ ਤਾਂ ਉਹ ਸਮਾਜਿਕ-ਸਮੂਹ ਸਮਾਨਤਾ ਵਾਲਾ, ਰਹਿਣਯੋਗ ਅਤੇ ਸ਼ੋਸ਼ਣ ਤੋਂ ਮੁਕਤੀ ਵਾਲਾ ਹੋਵੇਗਾ। ਨਾਨਕ-ਬਾਣੀ ਸਮਾਜਿਕ-

ਸਮਾਨਤਾ ਦੇ ਸੰਕਲਪ ਨੂੰ ਉਲੀਕਦਿਆਂ 'ਪ੍ਰੇਮ-ਖੇਲਣ' ਦੇ ਪੰਧ 'ਤੇ ਚੱਲਣ ਦਾ ਸੰਦੇਸ਼ ਦਿੰਦੀ ਹੋਈ ਦ੍ਰਿੜ ਕਰਵਾਉਂਦੀ ਹੈ ਕਿ ਹਿੰਸਕ ਸਮਾਜ ਨੂੰ ਬਦਲਣ ਲਈ ਅਤੇ ਪ੍ਰੇਮ ਦਾ ਸਮਾਜ ਉਸਾਰਨ ਵੇਲੇ ਇਹ ਮਾਰਗ ਸਿਰ ਦੀ ਮੰਗ ਤੱਕ ਕਰ ਲੈਂਦਾ ਹੈ। ਨਾਨਕ-ਬਾਣੀ ਦਾ ਫ਼ਰਮਾਨ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥[15]

ਗੁਰੂ ਨਾਨਕ ਸਾਹਿਬ ਨੇ ਆਪਣੇ ਰਚਨਾ-ਵਿਧਾਨ ਵਿੱਚ ਭਾਰਤੀ ਮੱਧਕਾਲੀ ਸਮਾਜ ਦੇ ਰਾਜਸੀ, ਸਮਾਜਿਕ, ਸੱਭਿਆਚਾਰਕ ਅਤੇ ਧਾਰਮਿਕ ਆਦਿ ਖੇਤਰਾਂ ਵਿੱਚ ਪਸਰੇ ਵਿਕਰਿਤ ਵਰਤ-ਵਿਹਾਰਾਂ ਦੀਆਂ ਪਰਤਾਂ ਨੂੰ ਆਧਾਰ ਬਣਾ ਕੇ ਸਿਰਫ਼ ਸਮਾਜਿਕ ਵਿਆਖਿਆ ਦਾ ਪ੍ਰਵਚਨ ਹੀ ਪ੍ਰਸਤੁਤ ਨਹੀਂ ਕੀਤਾ, ਸਗੋਂ ਇਸਨੂੰ ਇੱਕ ਕ੍ਰਾਂਤੀਕਾਰੀ ਤਬਦੀਲੀ ਦੇ ਕੇ ਬਦਲ ਵੱਲ ਵੀ ਮੋੜਿਆ ਹੈ। ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਦੌਰਾਨ ਵਿਭਿੰਨ-ਵਿਭਿੰਨ ਸਥਾਨਾਂ ਦਾ ਭ੍ਰਮਣ ਕਰਦਿਆਂ ਹਰ ਵਰਗ ਦੇ ਲੋਕਾਂ ਨੂੰ ਮਨੁੱਖੀ ਸਮੱਸਿਆਵਾਂ ਦੇ ਸਮਾਧਾਨ ਹਿੱਤ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਪ੍ਰੇਰਿਤ ਕੀਤਾ। ਅਜਿਹਾ ਕਰਨ ਲਈ ਉਨ੍ਹਾਂ ਕਹਿਣ-ਸੁਣਨ ਦੀ ਵਿਧੀ ਨੂੰ ਸੰਬੰਧ ਬਣਾਈ ਰੱਖਣ ਲਈ ਉੱਤਮ ਮੰਨਿਆ ਹੈ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥[16]

ਸਪੱਸ਼ਟ ਹੈ ਕਿ ਨਾਨਕ-ਬਾਣੀ ਅੰਦਰਲਾ ਵਿਧਾਨ ਸਮੁੱਚੀ ਮਨੁੱਖਤਾ ਨੂੰ ਇੱਕ ਸੂਤਰ ਵਿੱਚ ਪਰੋਂਦਾ ਹੋਇਆ ਵੱਖ-ਵੱਖ ਧਰਮਾਂ, ਸਮਾਜਿਕ ਸਮੂਹਾਂ ਦੇ ਆਧਾਰ 'ਤੇ ਨਾ ਟੁੱਟਣ ਵਾਲੀ ਨਫ਼ਰਤ ਤੇ ਹੰਕਾਰ ਦੀ ਮਜ਼ਬੂਤ ਕੰਧ ਨੂੰ ਤੋੜਦਾ ਹੋਇਆ ਸਮਾਜਿਕ-ਸਮਾਨਤਾ ਦਾ ਰਾਹ ਖੋਲ੍ਹਦਾ ਹੈ। ਇਸ ਤੋਂ ਇਲਾਵਾ ਇਹ ਵਿਧਾਨ ਸਮਾਜ ਨੂੰ ਵੰਡਣ ਵਾਲੀ ਹਰ ਅਖੌਤੀ ਧਿਰ ਸਾਹਮਣੇ ਰਾਹ ਦਸੇਰਾ ਬਣ ਕੇ ਖੜ੍ਹਦਾ ਦ੍ਰਿਸ਼ਟੀਗੋਚਰ ਹੁੰਦਾ ਹੈ।

ਗੁਰੂ ਨਾਨਕ-ਬਾਣੀ ਦੀ ਵਡਿਆਈ ਅਨੇਕਤਾ ਵਿੱਚੋਂ ਏਕਤਾ, ਅਸਮਾਨਤਾ ਵਿੱਚੋਂ ਸਮਾਨਤਾ ਅਤੇ ਅਸਮਾਜਿਕਤਾ ਵਿੱਚੋਂ ਸਮਾਜਿਕਤਾ ਪੈਦਾ ਕਰਨ ਵਾਲੀ ਸੁਰ ਨਾਲ ਲਬਰੇਜ਼ ਹੈ। ਆਮ ਲੋਕਾਈ ਅੰਦਰ ਸਮਾਜਿਕ-ਸਮਾਨਤਾ ਦੇ ਸੰਕਲਪ ਦੀ ਰਸਾਈ ਕਰਨ ਲਈ ਭਾਵ ਕਿ ਲੋਕਾਈ ਦੀ ਸੋਚ ਤੇ ਸਮਝ ਦਾ ਮਿਆਰ ਉੱਚਾ ਚੁੱਕਣ ਲਈ ਨਾਨਕ-ਬਾਣੀ ਸਦ-ਆਚਾਰ ਤੇ ਚੰਗੇਰੀ ਰਹਿਣੀ-ਬਹਿਣੀ 'ਤੇ ਵਧੇਰੇ ਬਲ ਦਿੰਦੀ ਹੈ। ਹਰ ਧਰਮ ਵਿੱਚ ਵੱਖੋ-ਵੱਖਰੇ ਤਰੀਕਿਆਂ ਨਾਲ ਸਦਾਚਾਰਕ ਗੁਣਾਂ ਨੂੰ ਗ੍ਰਹਿਣ ਕਰਕੇ ਸਮਾਨਤਾ ਭਰਪੂਰ ਤੇ ਚੰਗਿਆਰਾ ਸਮਾਜ ਸਿਰਜਣ ਦੇ ਸੰਦੇਸ਼ ਦਿੱਤੇ ਗਏ ਹਨ। ਨਾਨਕ-ਬਾਣੀ ਅਨੁਸਾਰ ਸੱਚੀ ਕਰਨੀ ਤੇ ਵਰਤ-ਵਿਹਾਰ ਵਾਲਾ ਮਨੁੱਖ ਹੀ ਸੱਚ ਦੀ ਸਮਝ ਰੱਖਦਿਆਂ ਸਮਾਜਿਕ-ਸਮਾਨਤਾ ਦੇ ਪੰਧ ਵੱਲ ਨੂੰ ਤੁਰਕੇ ਦੂਜਿਆਂ ਨੂੰ ਆਪਣੇ ਮਗਰ ਆਉਣ ਦਾ ਹੋਕਾ ਦੇ ਸਕਦਾ ਹੈ।

(ੳ) ਸਚਹੁ ਉਰੈ ਸਭੁ ਕੋ ਉਪਰਿ ਸਚੁ ਆਚਾਰ॥[17]

(ਅ) ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥[18]

ਇਸ ਤਰ੍ਹਾਂ ਨਾਨਕ-ਬਾਣੀ ਆਮ ਲੋਕਾਈ ਨੂੰ ਦੱਸਦੀ ਹੈ ਕਿ ਮਨੁੱਖ ਅਤੇ ਮਨੁੱਖੀ ਸਮਾਜ ਦੀ ਤਰਸਯੋਗ ਹਾਲਤ ਉਦੋਂ ਹੁੰਦੀ ਹੈ, ਜਦੋਂ ਪਦਾਰਥਵਾਦੀ ਭਾਵਾਂ ਕਾਰਨ ਉਸਦੀਆਂ ਨਜ਼ਰਾਂ ਮਾਨਵੀ ਏਕਤਾ ਨੂੰ ਵੇਖਣ ਤੋਂ ਚੂਕ ਜਾਂਦੀਆਂ ਹਨ। ਗੁਰੂ ਸਾਹਿਬ ਨੇ ਸਮਾਜਿਕ ਬਰਾਬਰੀ ਤੇ ਸ਼ਖ਼ਸੀ ਆਜ਼ਾਦੀ ਦੀ ਭਾਵਨਾ ਨੂੰ ਸਨਮੁੱਖ ਰੱਖ ਕੇ ਹਰ ਪ੍ਰਕਾਰੀ ਅਸਮਾਨਤਾ ਅਤੇ ਭੇਦ-ਭਾਵ ਨੂੰ ਆਪਣੀ ਬਾਣੀ ਜ਼ਰ੍ਹੀਏ ਦੂਰ ਕਰਨ ਦੇ ਯਤਨ ਕੀਤੇ। ਭਾਵ ਕਿ ਨਾਨਕ-ਬਾਣੀ ਵਿਤਕਰਿਆਂ ਤੇ ਦਰਜਾਬੰਦੀ ਵਾਲੇ ਬੰਦ-ਸਮਾਜ ਦੇ ਵਿਰੋਧ ਵਿੱਚ ਸਮਤਾਵਾਦੀ, ਸਮਨਵੈਵਾਚੀ, ਬਹੁ-ਵਚਨੀ ਸਮਾਜ ਦੀ ਸਿਰਜਣਾ ਦਾ ਪੱਖ ਪੂਰਦੀ ਹੈ। ਇਸ ਟਿੱਪਣੀ ਵਿੱਚ ਦਰਸਾਏ ਸਮਾਜਿਕ-ਸਮਾਨਤਾ ਵਿਰੋਧੀ ਵਰਤ-ਵਿਹਾਰਾਂ ਦੇ ਵਿਰੋਧ ਵਿੱਚ ਸਮਾਜਿਕ-ਸਮਾਨਤਾ ਪੈਦਾ ਕਰਨ ਵਾਲੇ ਉਪਾਵਾਂ ਨੂੰ ਦ੍ਰਿੜ ਕਰਵਾ ਕੇ 'ਬੇਗਮ ਪੁਰ' ਵਾਲੇ ਸੰਕਲਪੀ ਸਮਾਜ ਦੀ ਤਸਵੀਰ ਵੀ ਉਲੀਕੀ ਮਿਲਦੀ ਹੈ। ਇਸ ਬਾਬਤ ਨਾਨਕ-ਬਾਣੀ ਦੀਆਂ ਸਤਰਾਂ ਵੇਖੋ:

(ੳ) ਮਾਣਸ ਖਾਣੇ ਕਰਹਿ ਨਿਵਾਜ॥

ਛੁਰੀ ਵਗਾਇਨ ਤਿਨ ਗਲਿ ਤਾਗ॥[19]

(ਅ) ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥[20]

(ੲ) ਸਭੁ ਕੋ ਊਚਾ ਆਖੀਐ ਨੀਚ ਨ ਦੀਸੈ ਕੋਇ॥

ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ॥[21]

(ਸ) ਜੇ ਰੁਤ ਲਗੈ ਕਪੜੈ ਜਾਮਾ ਹੋਇ ਪਲੀਤੁ॥

ਜੋ ਰਤੁ ਪੀਵਹਿ ਮਾਣਸਾ ਤਿਨ ਕਉ ਨਿਰਮਲੁ ਚੀਤੁ॥[22]

(ਹ) ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥[23]

(ਕ) ਘਾਲਿ ਖਾਇ ਕਿਛੁ ਹਥਹੁ ਦੇਇ॥

ਨਾਨਕੁ ਰਾਹੁ ਪਛਾਣਹਿ ਸੇਇ॥[24]

**ਸਿੱਟਾ:-** ਸਮਾਜਿਕ-ਸਮਾਨਤਾ ਦੇ ਸੰਕਲਪ ਨੂੰ ਗੁਰੂ ਨਾਨਕ ਸਾਹਿਬ ਦਾ 'ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ' ਦਾ ਸਿਧਾਂਤ/ਸੰਕਲਪ ਪਕੇਰਾ ਕਰਦਾ ਮੁੱਢਲਾ ਨਿਯਮ ਹੈ, ਦੂਜਾ ਸੰਗਤ ਅਤੇ ਪੰਗਤ ਰੂਪੀ ਸਿਧਾਂਤ ਹੈ, ਜਿਹੜਾ ਉਨ੍ਹਾਂ ਵੱਲੋਂ ਕਲਪੇ ਸਮਾਨਤਾ ਵਾਲੇ ਸਮਾਜ ਦੀ ਤਸਵੀਰ ਸਾਡੇ ਸਾਹਮਣੇ ਦ੍ਰਿਸ਼ਟੀਗੋਚਰ ਕਰਦਾ ਹੈ। ਸਪੱਸ਼ਟ ਹੈ ਕਿ ਨਾਨਕ-ਬਾਣੀ ਸਮਾਜਿਕ ਬੁਰਿਆਈਆਂ ਨੂੰ ਦੂਰ ਕਰਕੇ ਤੇ ਉਨ੍ਹਾਂ ਦਾ ਖੰਡਨ ਕਰਕੇ ਇੱਕ ਮਨੁੱਖਤਾਵਾਦੀ ਤੇ ਸਮਾਨਤਾ ਵਾਲੇ ਸਮਾਜ ਦੀ ਸਿਰਜਣਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਸਕਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਡਾ. ਰਾਜਿੰਦਰ ਕੌਰ, ਡਾ. ਕਮਲਜੀਤ ਕੌਰ (ਸੰਪਾ.), ਗੁਰੂ ਗੋਬਿੰਦ ਸਿੰਘ ਜੀ: ਧਰਮ, ਸਾਹਿਤ ਅਤੇ ਇਤਿਹਾਸ ਵਿੱਚ ਯੋਗਦਾਨ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, 2017, ਪੰਨਾ 348
2. ਡਾ. ਕੁਲਵੰਤ ਕੌਰ, ਗੁਰਬਾਣੀ ਅਤੇ ਸੱਭਿਆਚਾਰ, ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 2011, ਪੰਨਾ 25
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473

**International Journal of Research in Economics and Social Sciences(IJRESS)**
Available online at: http://euroasiapub.org
Vol. 14 Issue 4, April- 2024
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

4. ਉਹੀ, ਪੰਨਾ 15

5. ਉਹੀ, ਪੰਨਾ 1330

6. ਗੁਰਮਤਿ ਪ੍ਰਕਾਸ਼, ਅੰਕ 3, ਜੂਨ 2015, ਪੰਨਾ 64

7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1102

8. ਉਹੀ, ਪੰਨਾ 85

9. ਉਹੀ, ਪੰਨਾ 141

10. ਉਹੀ, ਪੰਨਾ 598

11. ਉਹੀ, ਪੰਨਾ 765

12. ਡਾ. ਜਗਬੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 8

13. ਡਾ. ਸੁਰਿੰਦਰ ਸਿੰਘ ਦੁਸਾਂਝ, ਗੁਰੂ ਨਾਨਕ ਬਾਰੇ ਸੱਚ ਦੀ ਖੋਜ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2015, ਪੰਨਾ 81

14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 13

15. ਉਹੀ, ਪੰਨਾ 1410

16. ਉਹੀ, ਪੰਨਾ 660

17. ਉਹੀ, ਪੰਨਾ 62

18. ਉਹੀ, ਪੰਨਾ 470

19. ਉਹੀ, ਪੰਨਾ 472

20. ਉਹੀ, ਪੰਨਾ 349

21. ਉਹੀ, ਪੰਨਾ 62

22. ਉਹੀ, ਪੰਨਾ 140

23. ਉਹੀ, ਪੰਨਾ 360

24. ਉਹੀ, ਪੰਨਾ 1245